ਜ਼ਿਲਾ ਮੈਜਿਸਟਰੇਟ, ਕਪੂਰਥਲਾ।
Tele. No. 01822-233777-O, 233776-R, 233393-F
Email ID dckapurthala@gmail.com

**ਹੁਕਮ**

(COVID-19) ਕਰੋਨਾ ਵਾਇਰਸ ਦੇ ਫੈਲਣ ਤੋਂ ਬਚਾਅ ਸਬੰਧੀ ਇਸ ਦਫ਼ਤਰ ਦੇ ਹੁਕਮ ਪਿੱਠ ਅੰਕਣ ਨੰ: 1251-1287/ਐਮ.ਏ ਮਿਤੀ 23-3-2020 ਰਾਹੀਂ ਲਗਾਏ ਗਏ ਕਰਫਿਊ ਅਤੇ ਪਿੱਠ ਅੰਕਣ ਨੰ: 1666-1716/ਐਮ.ਏ ਮਿਤੀ 24-3-2020, ਪਿੱਠ ਅੰਕਣ ਨੰ: 1717-98/ਐਮ.ਏ. ਮਿਤੀ 24-3-2020, ਪਿੱਠ ਅੰਕਣ ਨੰ: 1799-1860/ਐਮ.ਏ ਮਿਤੀ 25-3-2020, 1861-1992/ਐਮ.ਏ ਮਿਤੀ 26-3-2020 ਪਿੱਠ ਅੰਕਣ ਨੰ: 1387-1449/ਐਮ.ਏ ਮਿਤੀ 28-3-2020, ਪਿੱਠ ਅੰਕਣ ਨੰ: 1503-55/ਐਮ.ਏ ਮਿਤੀ 29-3-2020 ਅਤੇ ਪਿੱ:ਅੰ:ਨੰ: 1754-1805/ਐਮ.ਏ.ਮਿਤੀ: 04-04-2020 ਰਾਹੀਂ ਲੋਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਕਰਫਿਊ ਦੌਰਾਨ ਛੋਟ ਦਿੱਤੀ ਗਈ ਸੀ, ਦੀ ਲਗਾਤਾਰਤਾ ਵਿਚ ਹੇਠ ਲਿਖੇ ਅਨੁਸਾਰ ਹੁਕਮ ਕੀਤਾ ਜਾਂਦਾ ਹੈ:-

**ਰਾਈਸ ਸ਼ੈਲਰ (Rice Sheller) ਮਾਲਕਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਰਾਈਸ ਸ਼ੈਲਰ (Rice Sheller) ਪਹਿਲਾਂ ਵਾਂਗ ਖੁੱਲੇ ਰੱਖਣਗੇ। ਕਰਫਿਊ ਦੌਰਾਨ ਰਾਈਸ ਸ਼ੈਲਰ ਤੇ ਆਉਣ ਜਾਣ ਲਈ ਹਰੇਕ ਰਾਈਸ ਸ਼ੈਲਰ ਮਾਲਕ ਆਪਣਾ ਅਤੇ ਆਪਣੇ ਮੁੰਸ਼ੀ ਦਾ ਮੂਵਮੈਂਟ ਪਾਸ (Movement Pass or Curfew Pss) online link: https://epasscovid19.pais.net.in ਤੋਂ ਬਣਵਾ ਸਕਦੇ ਹਨ। ਰਾਈਸ ਸ਼ੈਲਰ ਦੀ ਲੇਬਰ ਸ਼ੈਲਰ ਵਿੱਚ ਹੀ ਰਹੇਗੀ ਅਤੇ ਰਾਈਸ ਸ਼ੈਲਰ ਦੇ ਮਾਲਕ ਦੀ ਇਹ ਜਿੰਮੇਵਾਰੀ ਹੋਵੇਗੀ ਕਿ ਲੇਬਰ ਦੇ ਰਹਿਣ ਅਤੇ ਖਾਣ-ਪੀਣ ਦਾ ਪ੍ਰਬੰਧ ਕਰੇ। ਲੇਬਰ ਦੀ ਰਿਹਾਇਸ਼ ਦਾ ਪ੍ਰਬੰਧ (COVID-19) ਕਰੋਨਾ ਵਾਇਰਸ ਮਹਾਮਾਰੀ ਦੀ ਰੋਕਥਾਮ ਲਈ ਭਾਰਤ ਸਰਕਾਰ/ ਪੰਜਾਬ ਸਰਕਾਰ/ ਜਿਲ੍ਹਾ ਪ੍ਰਸ਼ਾਸਨ ਅਤੇ ਵੱਖ-ਵੱਖ ਸਿਹਤ ਅਥਾਰਟੀਆਂ ਵੱਲੋਂ ਕੋਵਿਡ-19 ਸਬੰਧੀ ਜਾਰੀ ਹਦਾਇਤਾਂ/ ਹੁਕਮਾਂ ਅਨੁਸਾਰ ਹੋਣੀ ਚਾਹੀਦੀ ਹੈ ਅਤੇ ਸਾਫ-ਸਫਾਈ ਤੇ ਸਮਾਜਿਕ ਦੂਰੀ (Social Distancing) (ਘੱਟੋ-ਘੱਟ 2 ਮੀਟਰ) ਦੀ ਪਾਲਣਾ ਕਰਨੀ ਯਕੀਨੀ ਬਣਾਉਣਗੇ।**

ਇਸ ਹੁਕਮ ਦਾ ਪ੍ਰਚਾਰ ਜਿਲ੍ਹਾ ਲੋਕ ਸੰਪਰਕ ਅਫ਼ਸਰ, ਕਪੂਰਥਲਾ ਪ੍ਰਚਾਰ ਵੈਨ/ ਦੂਰਦਰਸ਼ਨ/ ਪ੍ਰੈਸ ਮਾਧਿਅਮ ਰਾਹੀਂ ਪ੍ਰਚਾਰ ਕਰਵਾ ਕੇ ਪੁਲਿਸ ਸਟੇਸ਼ਨ/ ਨਗਰ ਨਿਗਮ, ਉਪ ਮੰਡਲ ਮੈਜਿਸਟਰੇਟਸ/ ਤਹਿਸੀਲਦਾਰਾਂ ਅਤੇ ਸਦਰ ਮੁਕਾਮਾਂ ਤੇ ਨੋਟਿਸ ਬੋਰਡਾਂ ਤੇ ਇਹ ਹੁਕਮ ਦੀ ਚਸਪਾ ਲਾਗੂ ਕਰਕੇ ਕੀਤਾ ਜਾਵੇ।

ਇਹ ਹੁਕਮ ਅੱਜ ਮਿਤੀ 05-04-2020 ਨੂੰ ਮੇਰੇ ਹਸਤਾਖਰਾਂ ਤੇ ਮੋਹਰ ਅਦਾਲਤ ਨਾਲ ਜ਼ਾਰੀ ਕੀਤਾ ਗਿਆ।

ਜਿਲ੍ਹਾ ਮੈਜਿਸਟਰੇਟ,
ਕਪੂਰਥਲਾ

ਪਿੱਠ ਅੰਕਣ ਨੰ: 1807-1864/ਐਮ.ਏ ਮਿਤੀ: 05-04-2020

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜ਼ਿਆ ਜਾਂਦਾ ਹੈ:-

1. ਮੁੱਖ ਸਕੱਤਰ ਪੰਜਾਬ ਸਰਕਾਰ, ਚੰਡੀਗੜ੍ਹ
2. ਗ੍ਰਹਿ ਸਕੱਤਰ ਪੰਜਾਬ ਸਰਕਾਰ, ਚੰਡੀਗੜ੍ਹ।
3. ਕਮਿਸ਼ਨਰ, ਜਲੰਧਰ ਮੰਡਲ, ਜਲੰਧਰ
4. ਸਮੂਹ ਡਿਪਟੀ ਕਮਿਸ਼ਨਰ ਪੰਜਾਬ ਰਾਜ
5. ਸੀਨੀਅਰ ਪੁਲਿਸ ਕਪਤਾਨ, ਕਪੂਰਥਲਾ।
6. ਵਧੀਕ ਡਿਪਟੀ ਕਮਿਸ਼ਨਰ, ਫਗਵਾੜਾ/ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਕਪੂਰਥਲਾ।
7. ਸਮੂਹ ਉਪ ਮੰਡਲ ਮੈਜਿਸਟਰੇਟਸ, ਜਿਲ੍ਹਾ ਕਪੂਰਥਲਾ
8. ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ, ਕਪੂਰਥਲਾ/ਡੀ.ਪੀ.ਆਰ.ਓ., ਕਪੂਰਥਲਾ।
9. ਜਿਲਾ ਖੁਰਾਕ ਤੇ ਸਪਲਾਈ ਕੰਟਰੋਲਰ, ਕਪੂਰਥਲਾ/ ਡੀ.ਡੀ.ਪੀ.ਓ., ਕਪੂਰਥਲਾ
10. ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ, ਕਪੂਰਥਲਾ
11. ਮੁੱਖ ਖੇਤੀਬਾੜੀ ਅਫ਼ਸਰ, ਕਪੂਰਥਲਾ/ ਡਿਪਟੀ ਡਾਇਰੈਕਟਰ, ਬਾਗਬਾਨੀ, ਕਪੂਰਥਲਾ।
12. ਸਮੂਹ ਤਹਿਸੀਲਦਾਰ, ਜਿਲ੍ਹਾ ਕਪੂਰਥਲਾ
13. ਸੁਪਰਡੰਟ ਗਰੇਡ-1/ਪੀ.ਏ. ਟੂ ਡੀ.ਐਮ/ਸਟੈਨੋ ਟੂ ਏ.ਡੀ.ਐਮ/ਸਟੈਨੋ ਟੂ ਏ.ਸੀ.(ਜ)/ ਡੀ.ਆਰ.ਓ

05/04/2020
ਵਾਸਤੇ ਜਿਲ੍ਹਾ ਮੈਜਿਸਟਰੇਟ,
ਕਪੂਰਥਲਾ ।

Scanned with CamSca